# ਚੁਤਰਫ਼ਾ ਆਲਮੀ ਸੰਕਟ

ਅੱਜ ਕੱਲ ਦੁਨੀਆ ਦੇ ਲੋਕਾਂ ਨੂੰ ਇਕ ਵੱਡਾ ਮਾਲੀ ਸੰਕਟ ਘੇਰੀ ਖੜਾ ਹੈ। ਅਮਰੀਕਾ, ਯੂਰਪ ਅਤੇ ਹੋਰਨਾਂ ਮੁਲਕਾਂ ਵਿਚ ਆਰਥਕ ਸੰਕਟ ਨੇ ਲੋਕਾਂ ਨੂੰ ਬੜਾ ਪਰੇਸ਼ਾਨ ਕੀਤਾ ਹੋਇਆ ਹੈ। ਬੇਰੁਜ਼ਗਾਰੀ, ਗੁਰਬਤ ਅਤੇ ਕਰਜ਼ੇ ਨੇ ਅਰਬਾਂ ਹੀ ਲੋਕਾਂ ਨੂੰ ਜਕੜਿਆ ਹੋਇਆ ਹੈ। ਅਮਰੀਕਾ ਦੇ ਪੁਰਾਣੇ ਸਨਅਤੀ ਸ਼ਹਿਰਾਂ ਵਿਚ ਬੇਰੁਜ਼ਗਾਰੀ ਪੰਜਾਹ ਫ਼ੀ ਸਦੀ ਦੇ ਕਰੀਬ ਦੱਸੀ ਜਾਂਦੀ ਹੈ ਤੇ ਐਫਰੋ-ਅਮਰੀਕਨ ਲੋਕਾਂ ਵਿਚ ਬੇਰੁਜ਼ਗਾਰੀ 70-80 ਫੀ ਸਦੀ ਦੇ ਕਰੀਬ ਦੱਸੀ ਜਾਂਦੀ ਹੈ। ਆਮ ਅਮਰੀਕਨ ਸ਼ਹਿਰੀ ਦੇ ਸਿਰ ਕਰਜ਼ੇ ਦੀ ਪੰਡ ਬਹੁਤ ਹੀ ਭਾਰੀ ਹੋ ਗਈ ਹੈ। ਅਮਰੀਕਾ ਵਿਚ ਆਮ ਲੋਕਾਂ ਦੇ ਸਿਰ ਤੇ ਕਰਜ਼ਾ ਉਨ੍ਹਾਂ ਦੀ ਆਮਦਨ ਦਾ 130 ਫੀ ਸਦੀ ਹੈ ਅਤੇ ਬਰਤਾਨੀਆ ਵਿਚ ਇਹ ਕਰਜ਼ਾ ਆਮਦਨ ਦਾ 170 ਵੀ ਸਦੀ ਦੱਸਿਆ ਜਾਂਦਾ ਹੈ।

ਲੋਕਾਂ ਨੂੰ ਬੇਰੁਜ਼ਗਾਰੀ ਤੋਂ ਬਚਾਉਣ ਦੇ ਬਹਾਨੇ ਹੇਠ ਹਕੂਮਤਾਂ ਵਲੋਂ ਬੈਂਕਾਂ ਅਤੇ ਫਾਈਨੈਂਸ ਕੰਪਨੀਆਂ ਨੂੰ ਖਰਬਾਂ ਡਾਲਰ ਦੇਣ ਦੇ ਬਾਵਜੂਦ ਬੇਰੁਜ਼ਗਾਰੀ ਵਧਦੀ ਹੀ ਜਾ ਰਹੀ ਹੈ। ਬੈਂਕ ਹੁਣ ਲੋਕਾਂ ਨੂੰ ਘਰ ਖ਼ਰੀਦਨ ਲਈ ਕਰਜ਼ਾ ਦੇਣ ਤੋਂ ਗੁਰੇਜ਼ ਕਰ ਰਹੇ ਹਨ। ਦੱਸਿਆ ਜਾਂਦਾ ਹੈ ਕਿ ਅਮਰੀਕਾ ਵਿਚ 77-80 ਲੱਖ ਲੋਕ ਆਪਣੇ ਘਰਾਂ ਦੇ ਕਰਜ਼ਿਆਂ ਦੀ ਕਿਸ਼ਤਾਂ ਦੇਣ ਦੇ ਕਾਬਲ ਨਹੀਂ। ਲੱਖਾਂ ਹੀ ਲੋਕਾਂ ਦੇ ਘਰ ਬੈਂਕਾਂ ਨੇ ਜ਼ਬਤ ਕਰ ਲਏ ਹਨ ਅਤੇ ਉਨ੍ਹਾਂ ਨੂੰ ਬੇਘਰ ਕਰ ਦਿਤਾ ਗਿਆ ਹੈ। ਸਿਹਤ, ਤਾਲੀਮ ਤੇ ਹੋਰ ਸਮਾਜੀ ਸੇਵਾਵਾਂ ਵਿਚ ਬਹੁਤ ਵੱਡੀ ਕਟੌਤੀ ਕੀਤੀ ਜਾ ਰਹੀ ਹੈ। ਕੈਲੀਫੋਰਨੀਆ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਹਰ ਮਹੀਨੇ ਤਿੰਨ ਦਿਨ ਬਿਨ੍ਹਾਂ ਤਨਖ਼ਾਹ ਤੇ ਛੁੱਟੀ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਕਿਉਂਕਿ ਕੈਲੀਫੋਰਨੀਆ ਦੀ ਸਰਕਾਰ ਨੇ ਆਪਣਾ ਦਿਵਾਲਾ ਕੱਢ ਦਿਤਾ ਹੈ। ਕੈਲੀਫੋਰਨੀਆ ਅਮਰੀਕਾ ਦੀ ਸਾਰਿਆਂ ਨਾਲੋਂ ਵੱਡੀ ਸਟੇਟ ਹੈ।

ਅਮਰੀਕਨ ਸਾਮਰਾਜ ਹਰ ਪਾਸੇ ਆਪਣੀ ਹੈਂਕੜਬਾਜ਼ੀ ਅਤੇ ਨਾਦਰਸ਼ਾਹੀ ਨਾਲ ਕਤਲੋਗਾਰਤ ਮਚਾ ਰਿਹਾ ਹੈ। ਇਰਾਕ, ਅਫ਼ਗਾਨਿਸਤਾਨ, ਪਾਕਿਸਤਾਨ ਵਿਚ ਇਸਨੇ ਬਹੁਤ ਹੀ ਤਬਾਹੀ ਮਚਾਈ ਹੋਈ ਹੈ। ਹਾਲ ਵਿਚ ਹੀ ਵਿਕੀ ਲੀਕਸ ਵਲੋਂ ਆਪਣੀ ਵੈਬਸਾਈਟ ਤੇ ਪਾਏ ਹੋਏ ਦਸਤਾਵੇਜ਼ਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਅਮਰੀਕਨ ਸਾਮਰਾਜ ਜਾਣ-ਬੁਝ ਕੇ ਬੇਗੁਨਾਹਾਂ ਦਾ ਇਕ ਗਿਣੀ ਮਿਥੀ ਸਕੀਮ ਰਾਹੀਂ ਕਤਲ ਕਰ ਰਿਹਾ ਹੈ। ਹਜ਼ਾਰਾਂ ਹੀ ਬੇਗੁਨਾਹ ਲੋਕ ਇਨ੍ਹਾਂ ਮੁਲਕਾਂ ਵਿਚ ਮੌਤ ਦੇ ਘਾਟ ਉਤਾਰ ਦਿਤੇ ਗਏ ਹਨ। ਅਮਰੀਕਾ ਹੁਣ ਇਰਾਨ ਨੂੰ ਵੀ ਧਮਕੀਆਂ ਦੇ ਰਿਹਾ ਹੈ।

ਹਿੰਦੁਸਤਾਨ ਦਾ ਹਾਕਮ ਟੋਲਾ ਆਪਣੇ ਮੁਨਾਫ਼ਿਆਂ ਲਈ ਅਮਰੀਕਨ ਸਾਮਰਾਜ ਨਾਲ ਰਲ ਕੇ ਲੋਕਾਂ ਤੇ ਤਬਾਹੀ ਢਾਹ ਰਿਹਾ ਹੈ। ਹਰ ਪਾਸੇ ਆਮ ਲੋਕਾਂ ਦਾ ਬੁਰਾ ਹਾਲ ਹੈ। ਕਸ਼ਮੀਰ ਫ਼ੌਜ ਦੇ ਹਵਾਲੇ ਹੈ। ਛੱਤੀਸਗੜ੍ਹ, ਆਂਧਰਾ ਪ੍ਰਦੇਸ਼, ਉੜੀਸਾ, ਬੰਗਾਲ, ਮਨੀਪੁਰ, ਅਸਾਮ, ਤ੍ਰਿਪੁਰਾ, ਮੇਘਾਲਯ ਅਤੇ ਕੇਰਲਾ ਦੇ ਕਈ ਜ਼ਿਲਿਆਂ ਵਿਚ ਸੀ ਆਰ ਪੀ ਐਫ, ਨੀਮ ਫੌਜ ਅਤੇ ਫੌਜ ਅਮਰੀਕਨ ਅਤੇ ਇਸਰਾਈਲੀ ਸਲਾਹਕਾਰਾਂ ਦੀ ਮਦਦ ਨਾਲ ਲੋਕਾਂ ਤੇ ਅੰਨ੍ਹਾ ਤਸ਼ੱਦਦ ਢਾਹ ਰਹੀ ਹੈ।

ਮੌਜੂਦਾ ਸੰਕਟ ਅਤੇ ਹਾਲਾਤ ਕੀ ਦੱਸ ਰਹੇ ਹਨ? ਇਸ ਚੁਤਰਫ਼ੇ ਸੰਕਟ ਤੋਂ ਇਕ ਗੱਲ ਸਾਫ਼ ਹੈ ਕਿ ਹਾਕਮ ਟੋਲੇ ਕੋਲ ਲੋਕਾਂ ਦੇ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਲੋਕ ਅਮਨ, ਇਨਸਾਫ਼ ਅਤੇ ਇੱਜ਼ਤ ਦੀ ਜ਼ਿੰਦਗੀ ਜੀਣਾ ਚਾਹੁੰਦੇ ਹਨ। ਉਹ ਕਿਸੇ ਦੀ ਲੁੱਟ ਖਸੁੱਟ ਨਹੀਂ ਚਾਹੁੰਦੇ। ਪਰ ਹਾਕਮਾਂ ਦੇ ਟੋਲੇ ਲੋਕਾਂ ਦੀਆਂ ਲੋੜਾਂ ਅਤੇ ਸੱਧਰਾਂ ਦੀ ਕੋਈ ਪਰਵਾਹ ਨਹੀਂ ਕਰਦੇ। ਅਮਰੀਕਾ ਦੇ ਆਮ ਲੋਕ ਅਫ਼ਗਾਨਿਸਤਾਨ, ਇਰਾਕ ਅਤੇ ਪਾਕਿਸਤਾਨ ਵਿਚ ਚਲ ਰਹੀ ਜੰਗ ਦੇ ਖ਼ਿਲਾਫ਼ ਹਨ। ਪਰ ਉਨ੍ਹਾਂ ਦੀ ਕੋਈ ਸੁਣਦਾ ਨਹੀਂ। ਓਬਾਮਾ ਨੇ ਚੋਣਾਂ ਦੌਰਾਨ ਜੰਗ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਜੰਗ ਹਾਲੇ ਵੀ ਜਾਰੀ ਹੈ। ਹੋਰਨਾਂ ਅਮਰੀਕੀ ਲੀਡਰਾਂ ਵਾਂਗ ਇਹ ਵੀ ਕਹਿੰਦਾ ਕੁਝ ਤੇ ਕਰਦਾ ਕੁਝ ਹੈ। ਇਸ ਨਾਲ ਪ੍ਰਤੀਤ ਦਾ ਸੰਕਟ ਹੋਰ ਵੀ ਡੂੰਘਾ ਹੋ ਗਿਆ ਹੈ। ਓਬਾਮਾ ਐਲਾਨ ਅਮਨ ਦੇ ਕਰਦਾ ਹੈ ਪਰ ਅਮਲ ਵਿਚ ਜੰਗ ਤੇਜ਼ ਕਰ ਰਿਹਾ ਹੈ।

ਹਾਕਮ ਟੋਲਿਆਂ ਨੇ ਹਰ ਥਾਂ ਤੇ ਆਰਥਕ , ਸਿਆਸੀ ਤੇ ਸਮਾਜੀ ਸੰਕਟ ਪੈਦਾ ਕੀਤਾ ਹੋਇਆ ਹੈ। ਇਹ ਸੰਕਟ ਇਨ੍ਹਾਂ ਦੇ ਕੁਕਰਮਾਂ ਦੀ ਉਪਜ ਹੈ ਇਸ ਲਈ ਇਹ ਇਸ ਨੂੰ ਹੱਲ ਕਰ ਹੀ ਨਹੀਂ ਸਕਦੇ। ਮੌਜੂਦਾ ਹਾਲਾਤ ਲੋਕਾਂ ਸਾਮ੍ਹਣੇ ਇਕ ਬਹੁਤ ਵੱਡੀ ਚੁਣੌਤੀ ਪੇਸ਼ ਕਰ ਰਹੇ ਹਨ। ਸਵਾਲ ਇਹ ਹੈ ਕਿ ਕੀ ਹਾਕਮ ਟੋਲਾ ਮਨੁੱਖਤਾ ਨੂੰ ਤਬਾਹ ਕਰਕੇ ਆਪ ਵੀ ਤਬਾਹ ਹੋਵੇਗਾ ਜਾਂ ਲੋਕ ਆਪਣੀ ਹਿੰਮਤ, ਏਕਤਾ ਅਤੇ ਸੇਧ ਨਾਲ ਲਾਮਬੰਦ ਹੋਕੇ ਹਾਕਮ ਟੋਲੇ ਅਤੇ ਇਨ੍ਹਾਂ ਦੇ ਰਾਜ ਨੂੰ ਖ਼ਤਮ ਕਰ ਕੇ ਨਵੀਂ ਉਸਾਰੀ ਕਰਨ ਵਿਚ ਕਾਮਯਾਬ ਹੋਣਗੇ? ਇਕ ਗੱਲ ਬਿਲਕੁਲ ਸਾਫ਼ ਹੈ ਕਿ ਸਿਰਫ਼ ਲੋਕ ਹੀ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਤਾਕਤ ਤੇ ਸਮਰੱਥਾ ਰੱਖਦੇ ਹਨ। ਹਾਕਮ ਟੋਲੇ ਅਤੇ ਉਨ੍ਹਾਂ ਦਾ ਬੰਦੋਬਸਤ ਇਸ ਸਾਰੇ ਪੁਆੜੇ ਦੀ ਜੜ੍ਹ ਹੈ। ਉਨ੍ਹਾਂ ਨੇ ਮਨੁੱਖਤਾ ਅਤੇ ਕੁਦਰਤ ਨੂੰ ਤਬਾਹੀ ਦੇ ਕੰਢੇ ਤੇ ਲਿਆ ਖੜਾ ਕੀਤਾ ਹੈ। ਮਨੁੱਖਤਾ ਨੂੰ ਇਸ ਤਬਾਹੀ ਤੋ ਸਿਰਫ਼ ਮਿਹਨਤਕਸ਼ ਅਤੇ ਰੌਸ਼ਨ-ਖ਼ਿਆਲ ਲੋਕ ਹੀ ਬਚਾ ਸਕਦੇ ਹਨ। ਦੁਨੀਆ ਦੇ ਲੋਕ ਬਹੁਤ ਹੀ ਫੈਸਲਾਕੁਨ ਪੜਾਅ ਤੇ ਖੜੇ ਹਨ। ਤਾਰੀਖ਼ ਫੈਸਲੇ ਦਾ ਇੰਤਜ਼ਾਰ ਕਰ ਰਹੀ ਹੈ।